# CODE : 01/B

# 601/B

328854

Roll No. : ..........................................

Total No. of Questions : 10 ]

[ Total No. of Printed Pages : 4

**X**

**2325**

ਸਲਾਨਾ ਪਰੀਖਿਆ ਪ੍ਰਣਾਲੀ

## PUNJABI

**Paper : A**

**(Morning Session)**

**Time Allowed : 3 Hours** | **Maximum Marks : 65**

ਨੋਟ : *(i)* ਆਪਣੀ ਉੱਤਰ-ਪੱਤਰੀ ਦੇ ਟਾਈਟਲ ਪੰਨੇ 'ਤੇ ਵਿਸ਼ਾ-ਕੋਡ/ਪੇਪਰ-ਕੋਡ ਵਾਲ਼ੇ ਖ਼ਾਨੇ ਵਿੱਚ ਵਿਸ਼ਾ-ਕੋਡ/ਪੇਪਰ-ਕੋਡ 01/B ਜ਼ਰੂਰ ਦਰਜ ਕਰੋ।

*(ii)* ਉੱਤਰ-ਪੱਤਰੀ ਲੈਂਦੇ ਹੀ ਇਸ ਦੇ ਪੰਨੇ ਗਿਣ ਕੇ ਦੇਖ ਲਓ ਕਿ ਇਸ ਵਿੱਚ ਟਾਈਟਲ ਸਹਿਤ 24 ਪੰਨੇ ਹਨ ਅਤੇ ਠੀਕ ਕ੍ਰਮਵਾਰ ਹਨ।

*(iii)* ਉੱਤਰ-ਪੱਤਰੀ ਵਿੱਚ ਖ਼ਾਲੀ ਪੰਨਾ/ਪੰਨੇ ਛੱਡਣ ਤੋਂ ਬਾਅਦ ਹੱਲ ਕੀਤੇ ਗਏ ਪ੍ਰਸ਼ਨ/ਪ੍ਰਸ਼ਨਾਂ ਦਾ ਮੁਲਾਂਕਣ ਨਹੀਂ ਕੀਤਾ ਜਾਵੇਗਾ।

*(iv)* ਕੋਈ ਵਾਧੂ ਸ਼ੀਟ ਨਹੀਂ ਮਿਲ਼ੇਗੀ। ਇਸ ਲਈ ਉੱਤਰ ਢੁਕਵੇਂ ਹੀ ਲਿਖੋ ਅਤੇ ਲਿਖਿਆ ਉੱਤਰ ਨਾ ਕੱਟੋ।

*(v)* **ਸਾਰੇ ਪ੍ਰਸ਼ਨ ਜ਼ਰੂਰੀ ਹਨ।**

*(vi)* ਪ੍ਰਸ਼ਨ-ਪੱਤਰ ਵਿੱਚ ਕੁੱਲ 10 ਪ੍ਰਸ਼ਨ ਹਨ।

1. ਵਸਤੂਨਿਸ਼ਠ ਪ੍ਰਸ਼ਨ :

ਭਾਗ - ੳ 4 × 2 = 8

(ੳ) 'ਘਰ ਦਾ ਪਿਆਰ' ਲੇਖ ਕਿਸ ਲੇਖਕ ਦੀ ਰਚਨਾ ਹੈ? 2

(ਅ) ਮਨੁੱਖ ਦੀ ਆਤਮਾ ਦਾ ਵਧੀਆ-ਘਟੀਆ ਹੋਣਾ ਕਿੱਥੋਂ ਦਿਸ ਪੈਂਦਾ ਹੈ? 2

(ੲ) ਕਿਸ ਕਵੀ ਦੀ ਰਚਨਾ ਨੂੰ 'ਗੁਰਬਾਣੀ ਦੀ ਕੁੰਜੀ' ਕਿਹਾ ਜਾਂਦਾ ਹੈ? 2

(ਸ) ਰਾਂਝੇ ਦੇ ਭਰਾਵਾਂ ਨੇ ਰਾਂਝੇ ਨੂੰ ਕਿਹੋ-ਜਿਹੀ ਜ਼ਮੀਨ ਦਿੱਤੀ? 2

ਭਾਗ - ਅ 4 × 2 = 8

(ਹ) ਹੁਸ਼ਨਾਕ ਸਿੰਘ ਲਾਜ ਦਾ ਕੀ ਲੱਗਦਾ ਸੀ? 2

(ਕ) 'ਸਮੁੰਦਰੋਂ ਪਾਰ' ਇਕਾਂਗੀ ਦੇ ਇਕਾਂਗੀਕਾਰ ਦਾ ਨਾਂ ਲਿਖੋ। 2

(ਖ) ਕੀ ਪੜ੍ਹ ਕੇ ਔਰੰਗਜ਼ੇਬ ਪਛਤਾਵੇ ਨਾਲ਼ ਭਰ ਗਿਆ? 2

(ਗ) ਬਲਵੰਤ ਰਾਏ ਨੂੰ ਵਲਾਇਤ ਰਹਿੰਦਿਆਂ ਕਿੰਨੇ ਸਾਲ ਹੋ ਗਏ ਸਨ? 2

ਭਾਗ - ੲ 2 × 2 = 4

(ਘ) ਬਚਪਨ ਵਿੱਚ ਬੰਤਾ ਕਿਸ ਕੋਲ਼ੋਂ ਬਾਤਾਂ ਸੁਣਨ ਦਾ ਅਨੰਦ ਲੈਂਦਾ ਸੀ ? 2

(ਙ) 'ਇੱਕ ਹੋਰ ਨਵਾਂ ਸਾਲ' ਨਾਵਲ ਕਿਸ ਨਾਵਲਕਾਰ ਦੀ ਰਚਨਾ ਹੈ ? 2

2. ਹੇਠ ਲਿਖੇ ਕਾਵਿ-ਬੰਦਾਂ ਵਿੱਚੋਂ ਕਿਸੇ ਇੱਕ ਦੀ ਪ੍ਰਸੰਗ ਸਹਿਤ ਵਿਆਖਿਆ ਲਗ-ਪਗ 150 ਸ਼ਬਦਾਂ ਵਿੱਚ ਲਿਖੋ : 2 + 3 = 5

(ੳ) ਲੱਖ ਨਗਾਰੇ ਵੱਜਨ ਆਮ੍ਹੋ ਸਾਮ੍ਹਣੇ ॥
ਰਾਕਸ ਰਣੋ ਨ ਭੱਜਣ ਰੋਹੇ ਰੋਹਲੇ ॥
ਸੀਹਾਂ ਵਾਂਗੂ ਗੱਜਣ ਸੱਭੇ ਸੂਰਮੇ ॥
ਤਣਿ ਤਣਿ ਕੈਬਰ ਛੱਡਨ ਦੁਰਗਾ ਸਾਮ੍ਹਣੇ ॥

(ਅ) ਸਾਢੇ ਤਿੰਨ ਹੱਥ ਮਿਲਖ ਤੁਸਾਡਾ,
ਏਡੀ ਤੂੰ ਤਾਣ ਨਾ ਤਾਣੁ।
ਸੁਇਨਾ ਰੁਪਾ ਤੇ ਮਾਲ ਖ਼ਜ਼ੀਨਾ,
ਹੋਇ ਰਹਿਆ ਮਿਹਮਾਨੁ।

3. ਹੇਠ ਲਿਖੀਆਂ ਕਵਿਤਾਵਾਂ ਵਿੱਚੋਂ ਕਿਸੇ ਇੱਕ ਕਵਿਤਾ ਦਾ ਕੇਂਦਰੀ ਭਾਵ ਲਗ-ਪਗ 40 ਸ਼ਬਦਾਂ ਵਿੱਚ ਲਿਖੋ : 4

(ੳ) ਮਾਂ-ਪੁੱਤ ਦਾ ਮੇਲ਼ (ਕਾਦਰਯਾਰ)

(ਅ) ਤੂੰ ਮੇਰਾ ਪਿਤਾ ਤੂੰ ਹੈ ਮੇਰਾ ਮਾਤਾ (ਗੁਰੂ ਅਰਜਨ ਦੇਵ ਜੀ)

4. ਹੇਠ ਲਿਖੇ ਵਾਰਤਕ ਲੇਖਾਂ ਵਿੱਚੋਂ ਕਿਸੇ ਇੱਕ ਲੇਖ ਦਾ ਸਾਰ ਲਗ-ਪਗ 150 ਸ਼ਬਦਾਂ ਵਿੱਚ ਲਿਖੋ : 6

(ੳ) ਤੁਰਨ ਦਾ ਹੁਨਰ (ਡਾ. ਨਰਿੰਦਰ ਸਿੰਘ ਕਪੂਰ)

(ਅ) ਰਬਾਬ ਮੰਗਾਉਣ ਦਾ ਵਿਰਤਾਂਤ (ਗਿਆਨੀ ਦਿੱਤ ਸਿੰਘ)

5. ਵਾਰਤਕ ਲੇਖਾਂ ਦੇ ਹੇਠ ਲਿਖੇ ਅਭਿਆਸੀ ਪ੍ਰਸ਼ਨਾਂ ਵਿੱਚੋਂ ਕੋਈ ਦੋ ਪ੍ਰਸ਼ਨਾਂ ਦੇ ਉੱਤਰ ਆਪਣੀ ਪਾਠ-ਪੁਸਤਕ ਦੇ ਆਧਾਰ 'ਤੇ ਲਿਖੋ : $2 \times 2 = 4$

(ੳ) ਪ੍ਰਾਰਥਨਾ ਕਰਨ ਨਾਲ਼ ਕੈਦੀ ਦੇ ਵਿਹਾਰ ਵਿੱਚ ਕਿਹੋ-ਜਿਹੀ ਤਬਦੀਲੀ ਆਈ? 2

(ਅ) ਕਾਲੀਦਾਸ ਨੂੰ ਹਰ ਪ੍ਰਾਂਤ ਤੇ ਜਾਤੀ ਦੇ ਲੋਕ ਆਪਣਾ ਕਿਉਂ ਦੱਸਦੇ ਹਨ? 2

(ੲ) ਪੁਰਾਣੇ ਸਮੇਂ ਵਿੱਚ ਬਲਵਾਨ ਕਿਵੇਂ ਪਿੰਡਾਂ 'ਤੇ ਫ਼ਤਿਹ ਪ੍ਰਾਪਤ ਕਰਦੇ ਸਨ? 2

(ਸ) ਘਰ ਮਨੁੱਖ ਦੇ ਨਿੱਜੀ ਵਲਵਲਿਆਂ ਤੇ ਸ਼ਖ਼ਸੀ ਰਹਿਣੀ ਦਾ ਕੇਂਦਰ ਕਿਵੇਂ ਹੁੰਦਾ ਹੈ? 2

6. ਹੇਠ ਲਿਖੀਆਂ ਕਹਾਣੀਆਂ ਵਿੱਚੋਂ ਕਿਸੇ ਇੱਕ ਕਹਾਣੀ ਦਾ ਸਾਰ ਲਗ-ਪਗ 150 ਸ਼ਬਦਾਂ ਵਿੱਚ ਲਿਖੋ : 6

(ੳ) ਧਰਤੀ ਹੇਠਲਾ ਬਲ਼ਦ (ਕੁਲਵੰਤ ਸਿੰਘ ਵਿਰਕ)

(ਅ) ਅੰਗ-ਸੰਗ (ਵਰਿਆਮ ਸੰਧੂ)

7. ਕਹਾਣੀਆਂ ਦੇ ਹੇਠ ਲਿਖੇ ਅਭਿਆਸੀ ਪ੍ਰਸ਼ਨਾਂ ਵਿੱਚੋਂ ਕੋਈ ਦੋ ਪ੍ਰਸ਼ਨਾਂ ਦੇ ਉੱਤਰ ਆਪਣੀ ਪਾਠ-ਪੁਸਤਕ ਦੇ ਆਧਾਰ 'ਤੇ ਲਿਖੋ : $2 \times 2 = 4$

(ੳ) ਬੰਮ ਬਹਾਦਰ ਨੇ ਪੈਰਾਂ ਦੇ ਸੰਗਲ਼ ਤੋੜ ਕੇ ਕੀ ਤਬਾਹੀ ਕੀਤੀ? 2

(ਅ) ਪਿਤਾ ਦੇ ਜੇਲ੍ਹ ਜਾਣ 'ਤੇ ਲਾਜ ਨੇ ਆਪਣੀ ਭੂਆ ਵੀਰਾਂ ਵਾਲੀ ਨੂੰ ਕੀ ਕਿਹਾ? 2

(ੲ) ਰਸ਼ੀਦ ਗੁਆਂਢੀ ਮੁੰਡੇ ਨਾਲ਼ ਪਤੰਗ ਉਡਾਉਣ ਦੀ ਰੀਝ ਕਿਵੇਂ ਪੂਰੀ ਕਰਦਾ ਹੈ? 2

(ਸ) ਲੇਖਕ, ਮਾਲਕ ਤੋਂ ਤਨਖ਼ਾਹ ਵਧਾਉਣ ਦੀ ਮੰਗ ਤੋਂ ਸੰਕੋਚ ਕਿਉਂ ਕਰ ਰਿਹਾ ਸੀ? 2

8. ਹੇਠ ਲਿਖੇ ਪਾਤਰਾਂ ਵਿੱਚੋਂ ਕਿਸੇ ਇੱਕ ਪਾਤਰ ਦਾ ਪਾਤਰ-ਚਿਤਰਨ ਲਗ-ਪਗ 125 ਸ਼ਬਦਾਂ ਵਿੱਚ ਲਿਖੋ 5

(ੳ) ਔਰੰਗਜ਼ੇਬ (ਇਕਾਂਗੀ : ਜ਼ਫ਼ਰਨਾਮਾ)

(ਅ) ਵੀਰਾਂ ਵਾਲੀ (ਇਕਾਂਗੀ : ਬੰਬ-ਕੇਸ)

9. ਹੇਠ ਲਿਖੀਆਂ ਵਾਰਤਾਲਾਪਾਂ ਵਿੱਚੋਂ ਕਿਸੇ ਇੱਕ ਵਾਰਤਾਲਾਪ ਦੇ ਪ੍ਰਸ਼ਨਾਂ ਦੇ ਉੱਤਰ ਲਿਖੋ : 3 × 2 = 6

(ੳ) "ਦੁਖੀ ਤਾਂ ਹੈ, ਪਰ ਗੱਲ ਕੀ ਐ? ਦੁਖੀ ਦਾ ਤਾਂ ਮੈਨੂੰ ਪਤਾ ਈ ਐ। ਜਗੀਰਦਾਰਾਂ ਦੇ ਘਰ ਧੀ ਵਿਆਹ ਕੇ ਤੂੰ ਸੁੱਖ ਦੀ ਆਸ ਰੱਖੀ ਹੋਣੀ ਐਂ?"

ਪ੍ਰਸ਼ਨ :

(i) ਗੁਰਦਿੱਤ ਸਿੰਘ ਨੂੰ ਕਿਸ ਗੱਲ ਦਾ ਪਤਾ ਹੈ? 2

(ii) ਗੁਰਦਿੱਤ ਸਿੰਘ ਅਨੁਸਾਰ ਉਸ ਦੀ ਧੀ ਦੇ ਦੁਖੀ ਹੋਣ ਦਾ ਕੀ ਕਾਰਨ ਹੈ? 2

(iii) ਇਹ ਸ਼ਬਦ ਕੌਣ, ਕਿਸ ਨੂੰ ਕਹਿੰਦਾ ਹੈ? 2

(ਅ) "ਮੈਂ ਤੇਰੇ ਜਜ਼ਬਿਆਂ ਦੀ ਕਦਰ ਕਰਨਾ ਹਾਂ, ਨੌਜਵਾਨਾਂ ਵਿੱਚ ਇਹੋ-ਜਿਹਾ ਹੀ ਵਿਸ਼ਵਾਸ ਹੋਣਾ ਚਾਹੀਦਾ ਹੈ।"

ਪ੍ਰਸ਼ਨ :

(i) ਇਸ ਇਕਾਂਗੀ ਦੇ ਇਕਾਂਗੀਕਾਰ ਦਾ ਕੀ ਨਾਂ ਹੈ? 2

(ii) ਇਹ ਸ਼ਬਦ ਕੌਣ, ਕਿਸ ਨੂੰ ਕਹਿੰਦਾ ਹੈ? 2

(iii) ਇਹ ਵਾਰਤਾਲਾਪ ਕਿਸ ਇਕਾਂਗੀ ਵਿੱਚੋਂ ਲਈ ਹੈ? 2

10. ਨਾਵਲ 'ਇੱਕ ਹੋਰ ਨਵਾਂ ਸਾਲ' ਦੇ ਆਧਾਰ 'ਤੇ ਹੇਠ ਲਿਖੇ ਪਾਤਰਾਂ ਵਿੱਚੋਂ ਕਿਸੇ ਇੱਕ ਪਾਤਰ ਦਾ ਪਾਤਰ-ਚਿਤਰਨ ਲਗ-ਪਗ 150 ਸ਼ਬਦਾਂ ਵਿੱਚ ਲਿਖੋ : 5

(ੳ) ਇਨਸਪੈਕਟਰ

328854

(ਅ) ਬੰਤਾ